**ਨਸਬੰਦੀ ਲਈ ਰਜ਼ਾਮੰਦੀ**

**ਨੋਟਿਸ: ਕਿਸੇ ਵੀ ਵੇਲੇ ਨਸਬੰਦੀ ਨਾ ਕਰਵਾਉਣ ਦੇ ਤੁਹਾਡੇ ਫੈਸਲੇ ਦੇ ਨਤੀਜੇ ਵਜੋਂ ਸੰਘੀ ਫੰਡ ਪ੍ਰਾਪਤ ਕਰਨ ਵਾਲੇ ਕਾਰਜਕਰਮਾਂ ਜਾਂ ਪ੍ਰੋਜੈਕਟਾਂ ਦੁਆਰਾ ਪ੍ਰਦਾਨ ਕੀਤੇ ਜਾਣ ਵਾਲੇ ਕਿਸੇ ਵੀ ਲਾਭਾਂ ਨੂੰ ਵਾਪਸ ਨਹੀਂ ਲਿਆ ਜਾਵੇਗਾ ਜਾਂ ਰੋਕਿਆ ਨਹੀਂ ਜਾਵੇਗਾ।**

| ਨਸਬੰਦੀ ਲਈ ਰਜ਼ਾਮੰਦੀ | |
|---|---|
| ਮੈਂ ਇਹਨਾਂ ਤੋਂ ਨਸਬੰਦੀ ਬਾਰੇ ਜਾਣਕਾਰੀ ਮੰਗੀ ਹੈ ਅਤੇ ਪ੍ਰਾਪਤ ਕੀਤੀ ਹੈ: (ਡਾਕਟਰ ਜਾਂ ਕਲੀਨਿਕ): ______ । ਜਦੋਂ ਮੈਂ ਪਹਿਲੀ ਵਾਰ ਡਾਕਟਰ ਜਾਂ ਕਲੀਨਿਕ ਤੋਂ ਜਾਣਕਾਰੀ ਮੰਗੀ, ਤਾਂ ਮੈਨੂੰ ਦੱਸਿਆ ਗਿਆ ਸੀ ਕਿ ਨਸਬੰਦੀ ਕਰਵਾਉਣ ਦਾ ਫੈਸਲਾ ਪੂਰੀ ਤਰ੍ਹਾਂ ਮੇਰੀ ਮਰਜ਼ੀ ਹੈ। ਮੈਨੂੰ ਦੱਸਿਆ ਗਿਆ ਸੀ ਕਿ ਮੈਂ ਨਸਬੰਦੀ ਨਾ ਕਰਵਾਉਣ ਦਾ ਫੈਸਲਾ ਲੈ ਸਕਦਾ ਹਾਂ। ਜੇਕਰ ਮੈਂ ਨਸਬੰਦੀ ਨਾ ਕਰਵਾਉਣ ਦਾ ਫੈਸਲਾ ਕਰਦਾ ਹਾਂ, ਤਾਂ ਭਵਿੱਖ ਦੀ ਦੇਖਭਾਲ ਜਾਂ ਇਲਾਜ ਦਾ ਮੇਰਾ ਅਧਿਕਾਰ ਪ੍ਰਭਾਵਿਤ ਨਹੀਂ ਹੋਵੇਗਾ। ਸੰਘੀ ਫੰਡ ਪ੍ਰਾਪਤ ਕਰਨ ਵਾਲੇ ਕਾਰਜਕਰਮਾਂ, ਜਿਵੇਂ ਲੋੜਵੰਦ ਪਰਿਵਾਰਾਂ ਲਈ ਅਸਥਾਈ ਸਹਾਇਤਾ (TANF) ਜਾਂ Medicaid ਤੋਂ ਕਿਸੇ ਵੀ ਮਦਦ ਜਾਂ ਲਾਭਾਂ ਨੂੰ ਨਹੀਂ ਗੁਆਵਾਂਗਾ, ਜੋ ਮੈਂ ਹੁਣ ਪ੍ਰਾਪਤ ਕਰ ਰਿਹਾ ਹਾਂ ਜਿਨ੍ਹਾਂ ਲਈ ਮੈਂ ਪਾਤਰ ਹੋ ਸਕਦਾ ਹਾਂ। **ਮੈਂ ਸਮਝਦਾ ਹਾਂ ਕਿ ਨਸਬੰਦੀ ਬਾਰੇ ਇਹ ਮੰਨਣਾ ਲਾਜ਼ਮੀ ਹੈ ਕਿ ਇਹ ਸਥਾਈ ਹੈ ਅਤੇ ਇਸਨੂੰ ਪਲਟਿਆ ਨਹੀਂ ਜਾ ਸਕਦਾ। ਮੈਂ ਫੈਸਲਾ ਕੀਤਾ ਹੈ ਕਿ ਮੈਂ ਗਰਭ ਧਾਰਨ ਨਹੀਂ ਕਰਨਾ ਚਾਹੁੰਦੀ, ਬੱਚੇ ਪੈਦਾ ਨਹੀਂ ਕਰਨਾ ਚਾਹੁੰਦੀ ਜਾਂ ਬੱਚਿਆਂ ਦਾ ਪਿਤਾ ਨਹੀਂ ਬਣਨਾ ਚਾਹੁੰਦਾ।** ਮੈਨੂੰ ਪਰਿਵਾਰ ਨਿਯੋਜਨ ਦੀਆਂ ਅਸਥਾਈ ਵਿਧੀਆਂ ਬਾਰੇ ਦੱਸਿਆ ਗਿਆ ਸੀ, ਜੋ ਮੈਨੂੰ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ, ਜੋ ਮੈਨੂੰ ਭਵਿੱਖ ਵਿੱਚ ਬੱਚਾ ਪੈਦਾ ਕਰਨ ਜਾਂ ਬੱਚੇ ਦਾ ਪਿਤਾ ਬਣਨ ਦੀ ਇਜਾਜ਼ਤ ਦੇਣਗੀਆਂ। ਮੈਂ ਇਹਨਾਂ ਵਿਕਲਪਾਂ ਨੂੰ ਅਸਵੀਕਾਰ ਕਰ ਦਿੱਤਾ ਅਤੇ ਨਸਬੰਦੀ ਕਰਵਾਉਣ ਦੀ ਚੋਣ ਕੀਤੀ ਹੈ। | |
| ਮੈਂ ਸਮਝਦਾ ਹਾਂ ਕਿ (ਆਪਰੇਸ਼ਨ ਦਾ ਪ੍ਰਕਾਰ) ਨਾਮਕ ਆਪਰੇਸ਼ਨ ਦੁਆਰਾ ਮੇਰੀ ਨਸਬੰਦੀ ਕੀਤੀ ਜਾਵੇਗੀ: | |
| ਆਪਰੇਸ਼ਨ ਨਾਲ ਜੁੜੀਆਂ ਪਰੇਸ਼ਾਨੀਆਂ, ਜੋਖਮਾਂ ਅਤੇ ਲਾਭਾਂ ਬਾਰੇ ਮੈਨੂੰ ਵਿਸਤਾਰ ਨਾਲ ਦੱਸਿਆ ਗਿਆ ਹੈ। ਮੇਰੇ ਸਾਰੇ ਸਵਾਲਾਂ ਦੇ ਜਵਾਬ ਮੇਰੀ ਸੰਤੁਸ਼ਟੀ ਦੇ ਮੁਤਾਬਕ ਦਿੱਤੇ ਗਏ ਹਨ। ਮੈਂ ਸਮਝਦਾ ਹਾਂ ਕਿ ਇਸ ਫਾਰਮ ਤੇ ਮੇਰੇ ਵੱਲੋਂ ਦਸਤਖ਼ਤ ਕਰਨ ਤੋਂ ਬਾਅਦ ਘੱਟੋ-ਘੱਟ 30 ਦਿਨਾਂ ਤੱਕ ਆਪਰੇਸ਼ਨ ਨਹੀਂ ਕੀਤਾ ਜਾਵੇਗਾ। ਮੈਂ ਸਮਝਦਾ ਹਾਂ ਕਿ ਮੈਂ ਕਿਸੇ ਵੀ ਵੇਲੇ ਆਪਣਾ ਮਨ ਬਦਲ ਸਕਦਾ ਹਾਂ ਅਤੇ ਇਹ ਕਿ ਕਿਸੇ ਵੀ ਵੇਲੇ ਨਸਬੰਦੀ ਨਾ ਕਰਵਾਉਣ ਦੇ ਮੇਰੇ ਫੈਸਲੇ ਦੇ ਨਤੀਜੇ ਵਜੋਂ ਸੰਘੀ ਫੰਡ ਪ੍ਰਾਪਤ ਕਰਨ ਵਾਲੇ ਕਾਰਜਕਰਮਾਂ ਦੁਆਰਾ ਪ੍ਰਦਾਨ ਕੀਤੇ ਜਾਣ ਵਾਲੇ ਕਿਸੇ ਵੀ ਲਾਭਾਂ ਜਾਂ ਡਾਕਟਰੀ ਸੇਵਾਵਾਂ ਨੂੰ ਰੋਕਿਆ ਨਹੀਂ ਜਾਵੇਗਾ।<br><br>ਮੇਰੀ ਉਮਰ ਘੱਟੋ-ਘੱਟ 21 ਸਾਲ ਹੈ ਅਤੇ ਮੈਂ (ਤਾਰੀਖ) ______ ਨੂੰ ਪੈਦਾ ਹੋਇਆ ਸੀ। ਮੈਂ, ______ ਇੰਜ ਕਰਕੇ (ਡਾਕਟਰ ਜਾਂ ਕਲੀਨਿਕ) ______ ਦੁਆਰਾ ______ ਨਾਮਕ ਵਿਧੀ ਦੁਆਰਾ ਨਸਬੰਦੀ ਕਰਨ ਲਈ ਮੇਰੀ ਆਪਣੀ ਮਰਜ਼ੀ ਨਾਲ ਰਜ਼ਾਮੰਦੀ ਦਿੰਦਾ ਹਾਂ।<br><br>ਮੇਰੀ ਰਜ਼ਾਮੰਦੀ ਹੇਠਾਂ ਮੇਰੇ ਦਸਤਖ਼ਤ ਦੀ ਤਾਰੀਖ ਤੋਂ 180 ਦਿਨਾਂ ਵਿੱਚ ਸਮਾਪਤ ਹੁੰਦੀ ਹੈ। ਮੈਂ ਇਹਨਾਂ ਨੂੰ ਇਸ ਫਾਰਮ ਅਤੇ ਆਪਰੇਸ਼ਨ ਬਾਰੇ ਹੋਰਾਂ ਡਾਕਟਰੀ ਰਿਕਾਰਡਾਂ ਦੀ ਰਿਲੀਜ ਦੀ ਵੀ ਰਜ਼ਾਮੰਦੀ ਦਿੰਦਾ ਹਾਂ: ਸਿਹਤ ਦੇਖਭਾਲ ਸੇਵਾ ਵਿਭਾਗ ਦੇ ਨੁਮਾਇੰਦੇ, ਜਾਂ ਵਿਭਾਗ ਦੁਆਰਾ ਫੰਡ ਕੀਤੇ ਜਾਣ ਵਾਲੇ ਕਾਰਜਕਰਮਾਂ ਜਾਂ ਪ੍ਰੋਜੈਕਟਾਂ ਦੇ ਕਰਮਚਾਰੀ ਪਰੰਤੂ ਸਿਰਫ ਇਹ ਨਿਰਧਾਰਤ ਕਰਨ ਲਈ ਕਿ ਕੀ ਰਾਜ ਅਤੇ ਸੰਘੀ ਕਨੂੰਨਾਂ ਦੀ ਪਾਲਣਾ ਕੀਤੀ ਗਈ ਸੀ। ਮੈਂ ਇਸ ਫਾਰਮ ਦੀ ਕਾਪੀ ਪ੍ਰਾਪਤ ਕੀਤੀ ਹੈ। | |
| ਪ੍ਰਿੰਟ ਨਾਮ: | |
| ਦਸਤਖ਼ਤ: | ਤਾਰੀਖ: |
| ਦੁਭਾਸ਼ੀਏ ਦਾ ਬਿਆਨ (ਜੇਕਰ ਨਸਬੰਦੀ ਕਰਵਾਉਣ ਵਾਲੇ ਵਿਅਕਤੀ ਦੀ ਸਹਾਇਤਾ ਲਈ ਦੁਭਾਸ਼ੀਆ ਪ੍ਰਦਾਨ ਕੀਤਾ ਗਿਆ ਹੈ) | |
| ਮੈਂ ਇਹ ਰਜ਼ਾਮੰਦੀ ਪ੍ਰਾਪਤ ਕਰਨ ਵਾਲੇ ਵਿਅਕਤੀ ਦੁਆਰਾ ਨਸਬੰਦੀ ਕਰਵਾਉਣ ਵਾਲੇ ਵਿਅਕਤੀ ਨੂੰ ਬੋਲ ਕੇ ਦੱਸੀ ਗਈ ਜਾਣਕਾਰੀ ਅਤੇ ਸਲਾਹ ਦਾ ਅਨੁਵਾਦ ਕੀਤਾ ਹੈ।<br><br>ਮੈਂ ਵੀ ਵਿਅਕਤੀ ਨੂੰ (ਭਾਸ਼ਾ) ______ ਵਿੱਚ ਰਜ਼ਾਮੰਦੀ ਫਾਰਮ ਪੜ੍ਹ ਕੇ ਸੁਣਾਇਆ ਹੈ ਅਤੇ ਵਿਅਕਤੀ ਨੂੰ ਇਸਦੀ ਸਮੱਗਰੀ ਵਿਸਤਾਰ ਨਾਲ ਸਮਝਾਈ ਹੈ। ਮੇਰੀ ਪੂਰੀ ਜਾਣਕਾਰੀ ਅਤੇ ਵਿਸ਼ਵਾਸ਼ ਦੇ ਮੁਤਾਬਕ ਵਿਅਕਤੀ ਨੂੰ ਇਸ ਸਪਸ਼ਟੀਕਰਨ ਨੂੰ ਸਮਝਿਆ ਹੈ। | |
| ਪ੍ਰਿੰਟ ਕੀਤਾ ਨਾਮ: | |
| ਦੁਭਾਸ਼ੀਏ ਦੇ ਦਸਤਖ਼ਤ: | ਤਾਰੀਖ: |

## ਰਜ਼ਾਮੰਦੀ ਪ੍ਰਾਪਤ ਕਰਨ ਵਾਲੇ ਵਿਅਕਤੀ ਦਾ ਬਿਆਨ

(ਵਿਅਕਤੀ ਦਾ ਨਾਮ) ______ ਦੁਆਰਾ ਰਜ਼ਾਮੰਦੀ ਫਾਰਮ ਤੇ ਦਸਤਖ਼ਤ ਕਰਨ ਤੋਂ ਪਹਿਲਾਂ, ਮੈਂ ਉਨ੍ਹਾਂ ਨੂੰ ਨਸਬੰਦੀ ਦੇ ਆਪਰੇਸ਼ਨ ਦੀ ਕਿਸਮ (ਆਪਰੇਸ਼ਨ ਦਾ ਪ੍ਰਕਾਰ) ______, ਇਹ ਤੱਥ ਕਿ ਇਹ ਅੰਤਿਮ ਅਤੇ ਨਾ ਪਲਟਣ ਯੋਗ ਪ੍ਰਕਿਰਿਆ ਹੈ ਅਤੇ ਇਸ ਨਾਲ ਜੁੜੀਆਂ ਪਰੇਸ਼ਾਨੀਆਂ, ਜੋਖਮਾਂ ਅਤੇ ਲਾਭਾਂ ਬਾਰੇ ਵਿਸਤਾਰ ਨਾਲ ਦੱਸਿਆ ਹੈ।

ਮੈਂ ਨਸਬੰਦੀ ਕਰਵਾਉਣ ਵਾਲੇ ਵਿਅਕਤੀ ਨੂੰ ਦੱਸਿਆ ਹੈ ਕਿ ਪਰਿਵਾਰ ਨਿਯੋਜਨ ਦੀਆਂ ਵਿਕਲਪਿਕ ਵਿਧੀਆਂ ਉਪਲਬਧ ਹਨ, ਜੋ ਅਸਥਾਈ ਹਨ। ਮੈਂ ਵਿਸਤਾਰ ਨਾਲ ਦੱਸਿਆ ਹੈ ਕਿ ਨਸਬੰਦੀ ਅਲਗ ਹੈ ਕਿਉਂਕਿ ਇਹ ਸਥਾਈ ਹੈ। ਮੈਂ ਨਸਬੰਦੀ ਕਰਵਾਉਣ ਵਾਲੇ ਵਿਅਕਤੀ ਨੂੰ ਸੂਚਿਤ ਕੀਤਾ ਹੈ ਕਿ ਵਿਅਕਤੀਗਤ ਰਜ਼ਾਮੰਦੀ ਨੂੰ ਕਿਸੇ ਵੀ ਵੇਲੇ ਵਾਪਸ ਲਿਆ ਜਾ ਸਕਦਾ ਹੈ ਅਤੇ ਉਹ ਕਿਸੇ ਵੀ ਸਿਹਤ ਸੇਵਾਵਾਂ, ਜਾਂ ਸੰਘੀ ਫੰਡਾਂ ਦੁਆਰਾ ਪ੍ਰਦਾਨ ਕੀਤੇ ਜਾਣ ਵਾਲੇ ਕਿਸੇ ਵੀ ਲਾਭਾਂ ਨੂੰ ਨਹੀਂ ਗੁਆਵੇਗਾ/ਗੁਆਵੇਗੀ।

ਮੇਰੀ ਪੂਰੀ ਜਾਣਕਾਰੀ ਅਤੇ ਵਿਸ਼ਵਾਸ਼ ਦੇ ਮੁਤਾਬਕ ਨਸਬੰਦੀ ਕਰਵਾਉਣ ਵਾਲੇ ਵਿਅਕਤੀ ਦੀ ਉਮਰ ਘੱਟੋ-ਘੱਟ 21 ਸਾਲ ਹੈ ਅਤੇ ਉਹ ਮਾਨਸਿਕ ਰੂਪ ਨਾਲ ਸਮਰੱਥ ਜਾਪਦਾ ਹੈ। ਵਿਅਕਤੀ ਨੇ ਸਭ ਜਾਣਦੇ ਹੋਏ ਅਤੇ ਆਪਣੀ ਮਰਜ਼ੀ ਨਾਲ ਨਸਬੰਦੀ ਕੀਤੇ ਜਾਣ ਦੀ ਬੇਨਤੀ ਕੀਤੀ ਹੈ ਅਤੇ ਜਾਪਦਾ ਹੈ ਕਿ ਉਹ ਪ੍ਰਕਿਰਿਆ ਦੀ ਕਿਸਮ ਅਤੇ ਨਤੀਜਿਆਂ ਨੂੰ ਸਮਝਦਾ ਹੈ।

| ਰਜ਼ਾਮੰਦੀ ਪ੍ਰਾਪਤ ਕਰਨ ਵਾਲੇ ਵਿਅਕਤੀ ਦੇ ਦਸਤਖ਼ਤ: | ਤਾਰੀਖ: | ਫੈਸਿਲਿਟੀ: |
|---|---|---|

## ਚਿਕਿਤਸਕ ਦਾ ਬਿਆਨ

ਜਦੋਂ ਮੈਂ (ਵਿਅਕਤੀ ਦਾ ਨਾਮ): ______ ਦਾ ਨਸਬੰਦੀ ਦੀ ਤਾਰੀਖ: ______ ਨੂੰ ਨਸਬੰਦੀ ਦਾ ਆਪਰੇਸ਼ਨ ਕੀਤਾ ਸੀ ਤਾਂ ਉਸਤੋਂ ਥੋੜ੍ਹੀ ਦੇਰ ਪਹਿਲਾਂ ਮੈਂ ਉਸਨੂੰ ਨਸਬੰਦੀ ਦੀ ਕਿਸਮ (ਆਪਰੇਸ਼ਨ ਦਾ ਪ੍ਰਕਾਰ) ______, ਇਹ ਤੱਥ ਕਿ ਇਹ ਅੰਤਿਮ ਅਤੇ ਨਾ ਪਲਟਣ ਯੋਗ ਪ੍ਰਕਿਰਿਆ ਹੈ ਅਤੇ ਇਸ ਨਾਲ ਜੁੜੀਆਂ ਪਰੇਸ਼ਾਨੀਆਂ, ਜੋਖਮਾਂ ਅਤੇ ਲਾਭਾਂ ਬਾਰੇ ਵਿਸਤਾਰ ਨਾਲ ਦੱਸਿਆ ਸੀ।

- ਮੈਂ ਨਸਬੰਦੀ ਕਰਵਾਉਣ ਵਾਲੇ ਵਿਅਕਤੀ ਨੂੰ ਦੱਸਿਆ ਹੈ ਕਿ ਪਰਿਵਾਰ ਨਿਯੋਜਨ ਦੀਆਂ ਵਿਕਲਪਿਕ ਵਿਧੀਆਂ ਉਪਲਬਧ ਹਨ, ਜੋ ਅਸਥਾਈ ਹਨ।
- ਮੈਂ ਵਿਸਤਾਰ ਨਾਲ ਦੱਸਿਆ ਹੈ ਕਿ ਨਸਬੰਦੀ ਅਲਗ ਹੈ ਕਿਉਂਕਿ ਇਹ ਸਥਾਈ ਹੈ।
- ਮੈਂ ਨਸਬੰਦੀ ਕਰਵਾਉਣ ਵਾਲੇ ਵਿਅਕਤੀ ਨੂੰ ਸੂਚਿਤ ਕੀਤਾ ਹੈ ਕਿ ਵਿਅਕਤੀਗਤ ਰਜ਼ਾਮੰਦੀ ਨੂੰ ਕਿਸੇ ਵੀ ਵੇਲੇ ਵਾਪਸ ਲਿਆ ਜਾ ਸਕਦਾ ਹੈ ਅਤੇ ਉਹ ਕਿਸੇ ਵੀ ਸਿਹਤ ਸੇਵਾਵਾਂ, ਜਾਂ ਸੰਘੀ ਫੰਡਾਂ ਦੁਆਰਾ ਪ੍ਰਦਾਨ ਕੀਤੇ ਜਾਣ ਵਾਲੇ ਲਾਭਾਂ ਨੂੰ ਨਹੀਂ ਗੁਆਵੇਗਾ/ਗੁਆਵੇਗੀ।
- ਮੇਰੀ ਪੂਰੀ ਜਾਣਕਾਰੀ ਅਤੇ ਵਿਸ਼ਵਾਸ਼ ਦੇ ਮੁਤਾਬਕ ਨਸਬੰਦੀ ਕਰਵਾਉਣ ਵਾਲੇ ਵਿਅਕਤੀ ਦੀ ਉਮਰ ਘੱਟੋ-ਘੱਟ 21 ਸਾਲ ਹੈ ਅਤੇ ਉਹ ਮਾਨਸਿਕ ਰੂਪ ਨਾਲ ਸਮਰੱਥ ਜਾਪਦਾ ਹੈ। ਵਿਅਕਤੀ ਨੇ ਸਭ ਜਾਣਦੇ ਹੋਏ ਅਤੇ ਆਪਣੀ ਮਰਜ਼ੀ ਨਾਲ ਨਸਬੰਦੀ ਕੀਤੇ ਜਾਣ ਦੀ ਬੇਨਤੀ ਕੀਤੀ ਹੈ ਅਤੇ ਜਾਪਿਆ ਕਿ ਉਹ ਪ੍ਰਕਿਰਿਆ ਦੀ ਕਿਸਮ ਅਤੇ ਨਤੀਜਿਆਂ ਨੂੰ ਸਮਝਦਾ ਹੈ।

**(ਵਿਕਲਪਿਕ ਅੰਤਿਮ ਪੈਰਾਗ੍ਰਾਫ ਦੀ ਵਰਤੋਂ ਲਈ ਨਿਰਦੇਸ਼:**
ਹੇਠਾਂ ਦਿੱਤੇ ਗਏ ਪਹਿਲੇ ਪੈਰਾਗ੍ਰਾਫ ਦੀ ਵਰਤੋਂ ਕਰੋ, ਸਮੇਂ ਤੋਂ ਪਹਿਲਾਂ ਡਿਲੀਵਰੀ ਜਾਂ ਐਮਰਜੈਂਸੀ ਪੇਟ ਦੀ ਸਰਜਰੀ ਨੂੰ ਛੱਡ ਕੇ, ਜਿੱਥੇ ਨਸਬੰਦੀ ਰਜ਼ਾਮੰਦੀ ਫਾਰਮ ਤੇ ਵਿਅਕਤੀ ਦੇ ਦਸਤਖ਼ਤ ਦੀ ਤਾਰੀਖ ਤੋਂ ਬਾਅਦ 30 ਦਿਨਾਂ ਤੱਕ ਕੀਤੀ ਜਾਂਦੀ ਹੈ। ਉਹਨਾਂ ਮਾਮਲਿਆਂ ਵਿੱਚ, ਹੇਠਾਂ ਦਿੱਤੇ ਗਏ ਦੂਜੇ ਪੈਰਾਗ੍ਰਾਫ ਨੂੰ ਵਰਤਣਾ ਲਾਜ਼ਮੀ ਹੈ। ਉਸ ਪੈਰਾਗ੍ਰਾਫ ਨੂੰ ਕੱਟ ਦਿਓ, ਜਿਸਦੀ ਵਰਤੋਂ ਨਹੀਂ ਕੀਤੀ ਗਈ ਹੈ।)
(1) ਇਸ ਰਜ਼ਾਮੰਦੀ ਫਾਰਮ ਤੇ ਵਿਅਕਤੀ ਦੇ ਦਸਤਖ਼ਤ ਕਰਨ ਦੀ ਤਾਰੀਖ ਅਤੇ ਨਸਬੰਦੀ ਕਰਨ ਦੀ ਤਾਰੀਖ ਵਿਚਕਾਰ ਘੱਟੋ-ਘੱਟ 30 ਦਿਨ ਬੀਤ ਗਏ ਹਨ।
(2) ਇਹ ਨਸਬੰਦੀ ਹੇਠਾਂ ਦਿੱਤੇ ਹਾਲਾਤਾਂ ਕਾਰਨ ਇਸ ਰਜ਼ਾਮੰਦੀ ਫਾਰਮ ਤੇ ਵਿਅਕਤੀ ਦੇ ਦਸਤਖ਼ਤ ਕਰਨ ਦੀ ਤਾਰੀਖ ਤੋਂ ਬਾਅਦ 30 ਦਿਨਾਂ ਤੱਕ ਪਰੰਤੂ 72 ਘੰਟੇ ਤੋਂ ਜ਼ਿਆਦਾ ਸਮੇਂ ਤੇ ਕੀਤੀ ਗਈ ਸੀ (ਲਾਗੂ ਖਾਨੇ ਤੇ ਸਹੀ ਦਾ ਨਿਸ਼ਾਨ ਲਗਾਓ ਅਤੇ ਬੇਨਤੀ ਕੀਤੀ ਗਈ ਜਾਣਕਾਰੀ ਭਰੋ):

| | | |
|---|---|---|
| ☐ ਸਮੇਂ ਤੋਂ ਪਹਿਲਾਂ ਡਿਲੀਵਰੀ - ਵਿਅਕਤੀ ਦੀ ਡਿਲੀਵਰੀ ਦੀ ਸੰਭਾਵੀ ਤਾਰੀਖ: | ☐ ਐਮਰਜੈਂਸੀ ਪੇਟ ਦੀ ਸਰਜਰੀ - ਹਾਲਾਤਾਂ ਦਾ ਵਰਣਨ ਕਰੋ: | ਦਸਤਖ਼ਤ: |
| | | ਤਾਰੀਖ: |